**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 01.9.2010 ਹੋਈ 42ਵੀਂ ਮੀਟਿੰਗ ਦੀ ਕਾਰਵਾਈ।**

ਮਿਤੀ 1.9.2010 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪੁੱਡਾ ਅਥਾਰਿਟੀ ਦੀ 42ਵੀਂ ਮੀਟਿੰਗ ਹੋਈ।

ਇਸ ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰ ਵੀ ਸ਼ਾਮਿਲ ਸਨ :-

| **ਲੜੀ ਨੰ** | **ਅਧਿਕਾਰੀ ਦਾ ਨਾਮ ਅਤੇ ਅਹੁਦਾ** | **ਅਹੁਦਾ** |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ,<br>ਚੰਡੀਗੜ੍ਹ | ਮੈਂਬਰ |
| 3. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ | ਮੈਂਬਰ |
| 4. | ਸ਼੍ਰੀ ਐਸ.ਐਸ. ਰਾਜਪੂਤ, ਆਈ.ਏ.ਐਸ.<br>ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ | ਮੈਂਬਰ |
| 5. | ਸ਼੍ਰੀ ਸਰਵਜੀਤ ਸਿੰਘ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

**ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ :-**

**ਅਜੰਡਾ ਆਈਟਮ ਨੰ: 42.01**

**ਵਿਸ਼ਾ:** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 41ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 42.02**

**ਵਿਸ਼ਾ:** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ 16.04.2010 ਨੂੰ ਹੋਈ 41ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਮੱਦ ਵਾਰ ਵਿਵਰਣ:-**

ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 42.03**

**ਵਿਸ:-** **ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ ਸੇਵਾਵਾਂ ਵਿਨਿਯਮ, 1999 ਵਿੱਚ ਕਲਰਕ ਦੀ ਸਿੱਧੀ ਭਰਤੀ ਲਈ ਵਿਦਿਅਕ ਯੋਗਤਾ ਵਿੱਚ ਸੋਧ ਕਰਨ ਬਾਰੇ।**

ਅਥਾਰਿਟੀ ਵਲੋਂ ਸਰਕਾਰ ਦੁਆਰਾ ਜਾਰੀ ਕੀਤੀ ਗਈ ਕਲਰਕ ਦੀ ਸਿੱਧੀ ਭਰਤੀ ਲਈ ਵਿਦਿਅਕ ਯੋਗਤਾਵਾਂ ਅਨੁਸਾਰ ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ ਸੇਵਾਵਾਂ ਵਿਨਿਯਮ, 1999 ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 42.04**

**ਵਿਸ਼ਾ:** **ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ ਸੇਵਾ ਵਿਨਿਯਮ-1999 ਵਿੱਚ ਸਿੱਧੀ ਭਰਤੀ ਲਈ ਆਮ ਉਮਰ ਦੀ ਉਪਰਲੀ ਸੀਮਾ ਵਿੱਚ ਵਾਧਾ ਕਰਨ ਬਾਰੇ।**

ਅਥਾਰਿਟੀ ਵਲੋਂ ਸਰਕਾਰ ਦੁਆਰਾ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੁਆਰਾ ਸਿੱਧੀ ਭਰਤੀ ਲਈ ਆਮ ਉਮਰ ਦੀ ਉਪਰਲੀ ਸੀਮਾ ਵਿੱਚ ਵਾਧਾ ਕੀਤੇ ਜਾਣ ਅਨੁਸਾਰ ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ ਸੇਵਾਵਾਂ ਵਿਨਿਯਮ, 1999 ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਇਟਮ: 42.05**

**ਵਿਸ:** **ਪੁੱਡਾ ਕਰਮਚਾਰੀਆਂ ਨੂੰ ਪੈਨਸਨ ਸਕੀਮ ਲਾਗੂ ਕਰਨ ਬਾਰੇ ।**

ਮੱਦ ਨੂੰ ਸਿਧਾਂਤਕ ਤੌਰ ਤੇ ਪ੍ਰਵਾਨ ਕਰਦੇ ਹੋਏ ਅਥਾਰਿਟੀ ਵਲੋਂ ਇਹ ਨਿਰਦੇਸ਼ ਦਿੱਤੇ ਗਏ ਕਿ ਕਾਰਜਕਾਰੀ ਕਮੇਟੀ ਪੈਨਸ਼ਨ ਸਕੀਮ ਦੇ ਵਿੱਤੀ ਪਹਿਲੂਆਂ ਦੀ ਘੋਖ ਕਰਕੇ ਪੁੱਡਾ ਦੀ ਅਥਾਰਿਟੀ ਦੀ ਅਗਲੀ ਮੀਟਿੰਗ ਵਿੱਚ ਅੰਤਮ ਪ੍ਰਵਾਨਗੀ ਲਈ ਪੇਸ਼ ਕਰੇਗੀ।

**ਅਜੰਡਾ ਆਈਟਮ ਨੰਬਰ: 42.06**

**ਵਿਸ਼ਾ:** **ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾ ਤਹਿਤ ਪੁੱਡਾ ਦੇ ਵਰਕਚਾਰਜ/ਦਿਹਾੜੀਦਾਰ ਕਾਮਿਆ ਨੂੰ ਰੈਗੂਲਰ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਉਮਾ ਦੇਵੀ ਦੇ ਕੇਸ ਵਿੱਚ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਉਸ ਸਬੰਧੀ ਇਸ ਵਿਸ਼ੇ ਨੂੰ ਦੁਬਾਰਾ ਘੋਖ ਕੇ ਅਤੇ ਇਸ ਸਬੰਧੀ ਲੀਗਲ ਰਾਏ ਲੈ ਕੇ ਦੁਬਾਰਾ ਅਥਾਰਿਟੀ ਸਨਮੁੱਖ ਪੇਸ਼ ਕੀਤਾ ਜਾਵੇ।

**ਅਜੰਡਾ ਆਇਟਮ 42.07**

**ਵਿਸ਼ਾ :** **ਪੁੱਡਾ ਦੇ ਅਧਿਕਾਰੀਆਂ ਨੂੰ ਮੋਬਾਇਲ ਫੋਨ ਦੇ ਖਰਚੇ ਦੀ ਪ੍ਰਤੀ-ਪੂਰਤੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 42.08**

**ਵਿਸ਼ਾ:** **ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਪੰਜਾਬ ਦੇ ਗ੍ਰਾਮੀਣ ਵਿਦਿਆਰਥੀਆਂ ਨੂੰ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵਿਖੇ ਦਾਖਲਾ ਲੈਣ ਲਈ ਟਰੇਨਿੰਗ ਦੇਣ ਲਈ ਜਾਰੀ ਕੀਤੀ 1.40 ਕਰੋੜ ਰੁਪਏ ਦੀ ਰਕਮ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 42.09**

**ਵਿਸ਼ਾ:** **ਪੁੱਡਾ ਤੋਂ ਗਲਾਡਾ ਨੂੰ ਲੈਣਦਾਰੀਆਂ ਅਤੇ ਦੇਣਦਾਰੀਆਂ ਤਬਦੀਲ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨ: 42.10**

**ਵਿਸ਼ਾ :** **ਤਨਖਾਹ ਪ੍ਰੋਟੈਕਟ ਕਰਨ ਬਾਰੇ – ਸ੍ਰੀ ਸੁਖਦੇਵ ਸਿੰਘ, ਕਲਰਕ, ਬੀ.ਡੀ.ਏ ਬਠਿੰਡਾ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 42.11**

**ਵਿਸ਼ਾ :** **ਕੰਟਰੈਕਟ ਦੇ ਆਧਾਰ ਤੇ ਅਡਵਾਈਜਰ (ਟਾਊਨ ਐਂਡ ਕੰਟਰੀ ਪਲੈਨਿੰਗ) ਦੀ ਨਿਯੁਕਤੀ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ:** 42.12

**ਵਿਸ਼ਾ :** **ਡਿਪਟੀ ਡਾਇਰੈਕਟਰਜ (ਆਈ.ਟੀ.ਅਤੇ ਸੀ.) ਦੀ ਆਸਾਮੀ ਪੰਜਾਬ ਅਰਬਨ ਪਲੈਨਿੰਗ ਐਂਡ ਡਿਵੈਲਪਮੈਂਟ ਅਥਾਰਟੀ (ਕਰਮਚਾਰੀ ਸਰਵਿਸ ਰੈਗੂਲੇਸਨ,1999) ਦਾ ਹਿੱਸਾ ਬਨਾਉਣ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ:** 42.13

**ਵਿਸ਼ਾ :** **ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਰਾਹੀਂ ਰਚਿਤ ਅਸਾਮੀਆਂ ਦੀ ਲੋੜ ਅਨੁਸਾਰ ਮੁੜ ਬਣਤਰ ਕਰਨ ਸਬੰਧੀ।**

ਅਥਾਰਿਟੀ ਵਲੋਂ ਇਸ ਮੱਦ ਤੇ ਵਿਚਾਰ ਕਰਦੇ ਹੋਏ ਇਹ ਮਹਿਸੂਸ ਕੀਤਾ ਗਿਆ ਕਿ ਗਮਾਡਾ ਵਿੱਚ ਕਈ ਮਹੱਤਵਪੂਰਣ ਕੋਰਟ ਕੇਸ ਚੱਲ ਰਹੇ ਹਨ। ਇਸ ਲਈ ਗਮਾਡਾ ਵਿੱਚ ਇੱਕ ਕਾਨੂੰਨੀ ਸਲਾਹਾਕਾਰ (ਲੀਗਲ ਅਡਵਾਈਜਰ) ਦੀ ਲੋੜ ਹੈ ਅਤੇ ਇਸ ਅਸਾਮੀ ਨੂੰ ਸ਼ਾਮਿਲ ਕਰਨ ਨਾਲ ਕੋਈ ਵਿੱਤੀ ਭਾਰ ਨਹੀਂ ਹੋਵੇਗਾ ਕਿਉਂ ਕਿ ਹੋਰ ਕਈ ਅਸਾਮੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਗਮਾਡਾ ਵਿੱਚ ਇੱਕ ਕਾਨੂੰਨੀ ਸਲਾਹਾਕਾਰ ਦੀ ਅਸਾਮੀ ਨੂੰ ਸ਼ਾਮਿਲ ਕਰਦੇ ਹੋਏ ਇਸ ਮੱਦ ਨੂੰ ਪ੍ਰਵਾਨ ਕੀਤਾ ਗਿਆ।

**ਸਪਲੀਮੈਂਟਰੀ ਅਜੰਡਾ ਨੰ:** 1

**ਅਜੰਡਾ ਆਈਟਮ ਨੰ: 42.14**

**ਵਿਸ਼ਾ : ਪੁੱਡਾ ਕਰਮਚਾਰੀਆਂ ਨੂੰ ਰਿਹਾਇਸੀ ਪਲਾਟ ਅਲਾਟ ਕਰਨ ਸਬੰਧੀ ਡਰਾਫਟ ਸਕੀਮ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ। ਪ੍ਰੰਤੂ ਇਹ ਪਲਾਟ ਵੱਖ ਵੱਖ ਅਥਾਰਿਟੀਆਂ ਵਲੋਂ ਉਲੀਕੀ ਜਾਣ ਵਾਲੀਆਂ ਨਵੀਆਂ ਸਕੀਮਾਂ ਅਧੀਨ ਹੀ ਅਲਾਟ ਕੀਤੇ ਜਾਣਗੇ।

**ਅਜੰਡਾ ਆਈਟਮ ਨੰ: 42.15**

**ਵਿਸ਼ਾ : ਸੀਨੀਅਰ ਸਹਾਇਕ (ਲੇਖਾ) ਤੋਂ ਬਤੌਰ ਭਾਗ ਅਫਸਰ (ਵ) ਦੀ ਆਸਾਮੀ ਦੀ ਪਦ-ਉਨਤੀ ਲਈ ਰਾਖਵਾਂ ਵਿਭਾਗੀ ਇਮਤਿਹਾਨ/ਐਸ.ਐਸ. ਪ੍ਰੀਖਿਆ ਖਤਮ ਕਰਨ ਬਾਰੇ।**

ਇਸ ਮੱਦ ਨੂੰ ਵਿਚਾਰ ਕਰਦੇ ਹੋਏ ਪ੍ਰਮੁੱਖ ਸਕੱਤਰ (ਵਿੱਤ) ਜੀ ਵਲੋਂ ਸੁਝਾਅ ਦਿੱਤਾ ਗਿਆ ਕਿ ਸਰਕਾਰ ਵਲੋਂ ਜਾਂ ਕਿਸੇ ਵੀ ਸਰਕਾਰੀ ਅਦਾਰੇ ਵਲੋਂ ਐਸ.ਏ.ਐਸ. ਪ੍ਰੀਖਿਆ ਦੀ ਛੋਟ ਨਹੀਂ ਦਿੱਤੀ ਜਾਂਦੀ। ਇਸ ਲਈ ਇਸ ਵਿੱਚ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ। ਵਿਚਾਰ ਵਟਾਂਦਰੇ ਉਪਰੰਤ ਇਸ ਮੱਦ ਨੂੰ ਖਾਰਜ਼ ਕੀਤਾ ਗਿਆ।

**ਅਜੰਡਾ ਆਈਟਮ ਨੰ: 42.16**

**ਵਿਸ਼ਾ : ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ) ਰੈਗੂਲੇਸਨ 1997 ਵਿੱਚ ਸੋਧ ਕਰਨ ਸਬੰਧੀ ।**

ਅਥਾਰਿਟੀ ਵਲੋਂ ਇਸ ਮੱਦ ਨੂੰ ਪੁੱਡਾ ਦੀ ਐਗਜੈਕਟਿਵ ਕਮੇਟੀ ਵਲੋਂ ਵਿਚਾਰਨ ਲਈ ਅਤੇ ਲੋੜੀਂਦਾ ਫੈਸਲਾ ਲੈਣ ਲਈ ਕਿਹਾ ਗਿਆ।

**ਅਜੰਡਾ ਆਈਟਮ ਨੰ: 42.17**

**ਵਿਸ਼ਾ : ਰੈਗੂਲਰ ਵਰਕਚਾਰਜ ਸਟਾਫ ਵਿਚੋਂ ਕਲਰਕ, ਸਵਾਦਾਰਾਂ ਅਤੇ ਡਰਾਈਵਰਾਂ ਦੀਆਂ ਆਸਾਮੀਆਂ ਪੱਦ ਉਨਤੀ ਰਾਹੀਂ ਭਰਨ ਲਈ ਰੈਗੂਲੇਸ਼ਨ ਵਿੱਚ ਸੋਧ ਕਰਨ ਸਬੰਧੀ ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਇਸ ਸ਼ਰਤ ਤੇ ਪ੍ਰਵਾਨਗੀ ਦਿੱਤੀ ਗਈ ਕਿ ਕਲਰਕਾਂ ਦੀ ਅਸਾਮੀ ਲਈ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਨਵੀਆਂ ਹਦਾਇਤਾਂ ਅਨੁਸਾਰ ਵਿਦਿਅਕ ਯੋਗਤਾਂਵਾਂ ਪੂਰੀਆਂ ਕੀਤੀਆਂ ਹੋਣ।

**ਅਜੰਡਾ ਆਈਟਮ ਨੰ: 42.18**

**ਵਿਸ਼ਾ : ਪਲਾਟ ਨੰਬਰ 4170, ਫੇਜ-2, ਅਰਬਨ ਅਸਟੇਟ, ਪਟਿਆਲਾ ਦੇ ਰਕਬੇ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 42.19**

**ਵਿਸ਼ਾ : ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਕਰਮਚਾਰੀ ਸਰਵਿਸ) ਰੈਗੂਲੇਸ਼ਨ,1999 ਵਿਚ ਸੋਧ ਕਰਨ ਬਾਰੇ।**

ਅਥਾਰਿਟੀ ਵਲੋਂ ਇਸ ਮੱਦ ਤੇ ਵਿਚਾਰ ਕਰਦੇ ਹੋਏ ਇਹ ਮਹਿਸੂਸ ਕੀਤਾ ਗਿਆ ਕਿ ਪੁੱਡਾ ਦੇ ਤਕਨੀਕੀ ਕਰਮਚਾਰੀਆਂ ਲਈ ਰੈਗੂਲੇਸਨ 1999 ਵਿੱਚ ਸਮੂਚੇ ਤੋਰ ਤੇ PWD ਵਿਭਾਗ ਦੇ ਤਕਨੀਕੀ ਕਰਮਚਾਰੀਆਂ ਦੇ ਸੇਵਾ ਨਿਯਮਾਂ ਦੀ ਤਰਜੀਹ ਤੇ ਹੀ ਸੋਧ ਕੀਤੀ ਜਾ ਰਹੀ ਹੈ ਕਿਉਕਿ ਇਹ ਸੋਧ ਕਰਮਚਾਰੀਆਂ ਦੀ ਪਦ ਉਨਤੀ ਖਾਸਤੋਰ ਤੇ ਜੂਨੀਅਰ ਇੰਜੀਨੀਅਰ/ਡਰਾਫਟਸਮੈਨ ਕਾਡਰ ਤੋਂ ਉਪ ਮੰਡਲ ਇੰਜੀਨੀਅਰ ਦੀ ਆਸਾਮੀ ਤੇ ਬਤੋਰ ਜੂਨੀਅਰ ਇੰਜੀਨੀਅਰ/ਡਰਾਫਟਸਮੈਨ ਕਾਡਰ ਇਮਤਿਹਾਨ ਪਾਸ ਕਰਨਾ ਲਾਜਮੀ ਕੀਤਾ ਜਾ ਰਿਹਾ ਹੈ ਅਤੇ ਜੋ ਜੂਨੀਅਰ ਇੰਜੀਨੀਅਰ/ਡਰਾਫਟਸਮੈਨ ਕਾਡਰ ਇਮਤਿਹਾਨ ਪਾਸ ਕਰੇਗਾ ਉਹ ਹੀ ਉਪ ਮੰਡਲ ਇੰਜੀਨੀਅਰ ਦੀ ਆਸਾਮੀ ਲਈ ਯੋਗ ਹੋਵੇਗਾ । ਜੋ ਪੁੱਡਾ ਦੀ ਸਾਲ 1999 ਦੇ ਰੈਗੂਲੇਸਨ ਸਨ ਉਸ ਵਿੱਚ ਇਮਤਿਹਾਨ ਪਾਸ ਕਰਨ ਦੀ ਸਰਤ ਲਾਜਮੀ ਨਹੀਂ ਸੀ ਸਗੋਂ ਰੈਗੂਲੇਸਨ 17 ਅਨੁਸਾਰ ਪਦ ਉਨਤੀ ਉਪਰੰਤ 2 ਸਾਲ 6 ਮਹੀਨੇ ਦੇ ਅੰਦਰ ਅੰਦਰ ਇਮਤਿਹਾਨ ਪਾਸ ਕਰ ਸਕਦਾ ਸੀ। ਇਸ ਤਰਾਂ ਦੀ ਵਿਵਸਥਾ ਰੈਗੂਲੇਸਨ ਅਨੁਸਾਰ ਇਮਤਿਹਾਨ ਪਾਸ ਕਰਨਾ ਲਾਜਮੀ ਕਰਨ ਨਾਲ ਇਕ ਦਮ ਜੂਨੀਅਰ ਇੰਜੀਨੀਅਰ/ ਡਰਾਫਟਸਮੈਨ ਕਾਡਰ ਦੇ ਕਾਡਰ ਨੂੰ ਮੁਸਕਿਲ ਪੇਸ ਆ ਸਕਦੀ ਹੈ ਕਿਉਂਕਿ ਉਹ ਇਕਦਮ ਇਮਤਿਹਾਨ ਪਾਸ ਕਰਨ ਲਈ ਤਿਆਰ ਨਹੀਂ ਹੋਣਗੇ। ਇਸ ਲਈ ਵਿਚਾਰ ਵਟਾਂਦਰੇ ਉਪਰੰਤ ਅਥਾਰਿਟੀ ਵਲੋਂ ਮਹਿਸੂਸ ਕੀਤਾ ਗਿਆ ਕਿ ਜੂਨੀਅਰ ਇੰਜੀਨੀਅਰਾਂ/ ਡਰਾਫਟਸਮੈਨ ਕਾਡਰ ਜਿਨਾਂ ਨੂੰ ਇਸ ਕਲੰਡਰ ਸਾਲ ਦੋਰਾਨ (ਯਾਨੀ ਕਿ 31-03-2011 ਤੱਕ) ਉਪ ਮੰਡਲ ਇੰਜੀਨੀਅਰ ਦੀ ਪਦ ਉਨਤੀ ਲਈ ਵਿਚਾਰਿਆ ਜਾਵੇਗਾ ਉਨ੍ਹਾਂ ਦੀ ਪਦ ਉਨਤੀ ਇਸ ਸਰਤ ਤੇ ਕਰ ਦਿੱਤੀ ਜਾਵੇ ਕਿ ਉਹ ਪਦ ਉਨਤੀ ਉਪਰੰਤ 2 ਮੌਕਿਆਂ ਵਿੱਚ ਨਿਸਚਿਤ ਕੀਤਾ ਇਮਤਿਹਾਨ ਪਾਸ ਕਰਨਗੇ ਨਹੀਂ ਤਾਂ ਉਨ੍ਹਾਂ ਨੂੰ ਰਿਵਰਟ ਕੀਤਾ ਜਾਵੇਗਾ।

ਉਪਰੋਕਤ ਅਨੁਸਾਰ ਤਜਵੀਜਤ ਰੈਗੂਲੇਸਨ ਦੇ ਕਲਾਜ 1 ਟੈਕਨੀਕਲ ਤੇ ਸੀਰੀਅਲ ਨੰ: 9, 10, 11, 12 ਦੇ ਕਾਲਮ ਨੰ 6 ਦੇ ਅੰਤ ਵਿੱਚ ਨਿਮਨਲਿਖਿਤ ਪ੍ਰੋਵੀਜਨ ਪਾ ਦਿੱਤੀ ਜਾਵੇ:-

Provided that the Junior Engineers/Draftsmen who are to be considered for promotion within this calendar year ending 2010-2011, (i.e. till 31-03-2011) shall have to pass the requisite examination conducted by PWD Department in 2 chances after their promotion as Sub Divisional Engineer failing which they shall be reverted to the post of Junior Engineer/Draftsmen.

(**Explanation**: These two chances shall be the number of times the Departmental examination is conducted by PWD Department after August 2010).

ਉਪਰੋਕਤ ਤਰਜੀਹ ਅਨੁਸਾਰ ਅਥਾਰਿਟੀ ਵਲੋਂ ਇਹ ਮੱਦ ਪ੍ਰਵਾਨ ਕੀਤੀ ਗਈ ।

**ਚੇਅਰਮੈਨ ਜੀ ਦੀ ਮਨਜ਼ੂਰੀ ਨਾਲ ਹੇਠ ਲਿਖੇ ਮੱਦਾਂ ਤੇ ਵੀ ਵਿਚਾਰ ਕੀਤਾ ਗਿਆ:-**

1. ਅਥਾਰਿਟੀ ਵਲੋਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਪੁੱਡਾ ਅਤੇ ਵੱਖ ਵੱਖ ਅਥਾਰਿਟੀਆਂ ਵਲੋਂ ਗਰੀਬ ਲੋਕ ਜੋ ਕਿ ਅਰਧ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਸਬੰਧੀ ਪਾਲਿਸੀ ਉਲੀਕੀ ਜਾਵੇ। ਮੁੱਖ ਪ੍ਰਸ਼ਾਸਕ ਪੁੱਡਾ ਅਤੇ ਮੁੱਖ ਪ੍ਰਸ਼ਾਸਕ ਗਮਾਡਾ ਸਾਂਝੇ ਤੌਰ ਤੇ ਇਸ ਸਬੰਧੀ ਇੱਕ ਯੋਜਨਾ ਇੱਕ ਮਹੀਨ ਦੇ ਅੰਦਰ ਅੰਦਰ ਤਿਆਰ ਕਰਨਗੇ ਜੋ ਕਿ ਪ੍ਰਵਾਨਗੀ ਉਪਰੰਤ ਸਾਰੀਆਂ ਵੱਖ-2 ਅਥਾਰਿਟੀਆਂ ਵਲੋਂ ਲਾਗੂ ਕੀਤੀ ਜਾਵੇਗੀ।
2. ਅਥਾਰਿਟੀ ਵੱਲੋਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਰਾਜ ਦੀਆ ਸਾਰੇ ਸ਼ਹਿਰਾਂ ਵਿੱਚ ਜਿੱਥੇ ਵੀ ਗਰੀਨ ਬੈਲਟ ਦੀ ਉਸਾਰੀ ਕੀਤੀ ਜਾਂਦੀ ਹੈ ਉਥੇ Landscaping ਚੰਗੀ ਤਰ੍ਹਾਂ ਨਹੀਂ ਕੀਤੀ ਜਾਂਦੀ । ਕਿਉਂਕਿ ਸਰਕਾਰ ਵਿੱਚ ਚੰਗੇ Landscape Architect ਨਹੀਂ ਹਨ। ਇਨ੍ਹਾਂ ਕੰਮਾਂ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਅਥਾਰਿਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਪੁੱਡਾ ਵੱਲੋਂ ਯੋਗ ਲੈਂਡਸਕੇਪ ਆਰਕੀਟੈਕਟਾਂ ਦੀ ਸੂਚੀ ਦਰਜ ਕੀਤੇ ਜਾਵੇ ਜਿਨ੍ਹਾਂ ਨੂੰ ਵੱਖ-ਵੱਖ ਅਥਾਰਿਟੀਆਂ ਵੱਲੋਂ ਆਪਣੇ ਅਧੀਨ ਪੈਂਦੇ ਨਗਰਾਂ ਦੀ Landscaping ਕਰਵਾਈ ਜਾ ਸਕੇ ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।***

**ਪਰਕਾਸ਼ ਸਿੰਘ ਬਾਦਲ**

**ਮੁੱਖ ਮੰਤਰੀ, ਪੰਜਾਬ-ਕਮ-**

**ਚੇਅਰਮੈਨ, ਪੁੱਡਾ।**